ੴਸਤਿਗੁਰ ਪ੍ਰਸਾਦਿ ॥

ਖ਼ਾਲਸਾ ਜੀ ਦੀ ਸਰਬ-ਸਤਕਾਰਤ ਪਦਵੀ ਤੇ ਬਿਰਾਜਮਾਨ, ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀਓ, **Jan: 7, 1999**

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫਤਹ ॥

**੧)** ਗੁਰੂ ਨਾਨਕ ਸਾਹਿਬ ਜੀ ਦੇ ਨਿਆਰੇ ਗਿਆਨ ਤੋਂ ਪੰਥ ਨੂੰ ਤੋੜ ਲੈਣ ਦੀ ਸਫ਼ਲਤਾ ਉਪ੍ਰੰਤ, ਨਿਆਰੇ ਖ਼ਾਲਸਈ ਆਚਰਨ ਦੀ, ਗੁਰਮਤਿ ਦੀ ਨਿਆਰੀ ਮਰਯਾਦਾ ਦੀ ਅਤੇ ਸਾਬਤ ਸਿੱਖੀ ਸਰੂਪ ਦੀ ਹੋ ਰਹੀ ਬਰਬਾਦੀ ਵਿਚ ਹੋਰ ਵੀ ਤੇਜ਼ੀ ਲਿਆਉਣ ਲਈ ਸਿੱਖੀ ਦੇ ਵੈਰੀ ਨੇ ਸਿੱਖ ਪੰਥ ਦੇ ਨੌਨਿਹਾਲ ਨੂੰ ਜਿਵੇਂ ਫ਼ਿਲਮੀ ਦੁਨੀਆਂ ਵਿਚ ਲਿਆਉਣ ਲਈ ਯਤਨ ਅਰੰਭੇ ਹੋਏ ਸਨ ਉਸ ਦੀ ਪੂਰੀ ਸਾਖੀ---" **ਨਾਨਕ ਨਾਮ ਜਹਾਜ਼ ਫਿਲਮ ਦੀ ਸ਼ੂਟਿੰਗ** " ਨਾਮਕ ਲੇਖ, (ਜੋ ਪੁਸਤਕ ਬਿੱਪ੍ਰਨ ਕੀ ਰੀਤ ਤੋਂ ਸੱਚ ਦੇ ਮਾਰਗ ਦੇ ਪਹਿਲੇ ਭਾਗ ਵਿਚ ਛਪ ਚੁੱਕਾ ਹੈ) ਵਿਚ ਵਿਸਥਾਰ ਨਾਲ ਲਿਖੀ ਹੋਈ ਹੈ। ਉਸ ਲੇਖ ਦਾ ਉਤਾਰਾ ਇਸ ਬੇਨਤੀ ਪੱਤਰ ਦੇ ਨਾਲ ਨੱਥੀ ਹੈ। ਉਸ ਲੇਖ ਤੋਂ ਸਪੱਸ਼ਟ ਹੋ ਜਾਵੇਗਾ ਕਿ, **ਮਾਸਟਰ ਤਾਰਾ ਸਿੰਘ ਜੀ ਦੀ ਜਥੇਦਾਰੀ** ਵਿਚ ਵੈਰੀ ਦਾ ਜਿਹੜਾ ਪੰਥ-ਘਾਤਕ-ਜ਼ੋਰ ਨਹੀਂ ਫੱਬਿਆ, ਉਸ ਦੀ ਉਹ ਸ਼ਰਧਾ **ਸੰਤ ਬਾਬਾ ਫਤਹਿ ਸਿੰਘ ਜੀ ਨੇ ਪੂਰੀ ਕਰ ਦਿੱਤੀ ਸੀ**। -- **ਨਾਨਕ ਨਾਮ ਜਹਾਜ਼** ਫ਼ਿਲਮ ਵਿਚ, ਬਨਾਉਟੀ ਦਾਹੜੀਆਂ ਤੇ ਕੇਸਾਂ ਦੀ ਵਰਤੋਂ ਦੁਆਰਾ ਸਿੱਖੀ ਸਰੂਪ ਦਾ ਮੌਜੂ ਰੱਜ ਕੇ ਉਡਾਇਆ ਗਿਆ । ਫਿਰ, ਗੁਰਮਤਿ ਵਿਰੋਧੀ ਝੂਠੀ ਕਹਾਣੀ ਦੀ ਸ਼ੂਟਿੰਗ ਸ੍ਰੀ ਹਰਿਮੰਦਰ ਸਾਹਿਬ ਦੇ ਧੁਰ ਅੰਦਰੋਂ ਸੱਚ ਦੇ ਢੰਡੋਰਚੀ ਸ੍ਰੀ ਗੁਰੂ ਨਾਨਕ ਸਾਹਿਬ ਦੀ ਜੋਤਿ ਦੇ ਸਦੀਵੀ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਦੀ ਅਯੋਗ ਵਰਤੋਂ ਕਰਵਾ ਕੇ ਸਿੱਖ ਨੌਜਵਾਨ ਲਈ ਪਤਿਤ ਹੁੰਦੇ ਰਹਿਣ ਲਈ ਅਤੇ ਇਸਕੀਆ ਗਾਣਿਆਂ ਦੀ ਭਰਮਾਰ ਵਾਲੇ **ਕੰਜਰਲ (ਲਤੁਰਅਲ) ਪ੍ਰੋਗਰਾਮਾਂ** ਦਾ ਮੋਹਰੀ ਬਣਨ ਲਈ ਰਾਹ ਖੋਹਲ ਦਿੱਤਾ?

੨) **ਉਰਦੂ ਜ਼ਬਾਨ ਦੀ ਕਹਾਵਤ " ਬੜੇ ਮੀਆਂ ਸੋ ਬੜੇ ਮੀਆਂ ਛੋਟੇ ਮੀਆਂ ਸੁਭਾਨ ਅੱਲਾ "**-- ਨੂੰ ਸਾਖ਼ਸ਼ਾਤ ਰੂਪ ਦਿੰਦੇ ਹੋਏ ਆਪ ਜੀ ਨੇ-- **ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ**--ਫਿਲਮ ਨੂੰ ਅਸ਼ੀਰਵਾਦੀ ਪਰਮਾਨ ਪੱਤਰ ਜਾਰੀ ਕਰ ਦਿੱਤਾ ਜਿਸ ਤੋਂ ਸਿੱਖੀ ਵਿਚ ਪਤਿਤ ਪੁਣਾ ਲਿਆਉਣ ਲਈ (ਸਿੱਖੀ ਦੇ ਵੈਰੀਆਂ ਨੂੰ ਮਾਨੋ) ਸ੍ਰੀ ਅਕਾਲ ਤਖ਼ਤ ਵਲੋਂ **ਸ਼ਾਹੀ ਪਰਵਾਨਾ** ਮਿਲ ਗਿਆ ਹੋਵੇ । ਅਗਲੀਆਂ ਸਤਰਾਂ ਵਿਚ ਇਸੇ ਦਲੀਲ ਨੂੰ ਹੀ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ : ---

੩) ਲੱਖਪਤ ਰਾਏ ਨੇ ਜਦੋਂ ਖਾਲਸਾ ਪੰਥ ਨੂੰ ਸਮਾਪਤ ਕਰਨ (ਹਿੰਦੂ ਖੱਤਰੀ ਨੇ ਇਸ ਪੰਥ ਨੂੰ ਸਾਜਿਆ ਸੀ ਅਤੇ ਹੁਣ ਮੈਂ ਲਖਪਤਰਾਏ ਇੱਕ ਖੱਤਰੀ ਹੀ ਇਸ ਪੰਥ ਦਾ ਖ਼ਾਤਮਾ ਕਰਾਂਗਾ"-- ) ਫੜ੍ਹ ਮਾਰੀ ਅਤੇ ਉਸ ਨੇ **ਗੁੜ** ਨੂੰ ਗੁੜ ਕਹਿਨ ਤੇ ਇਸ ਕਾਰਨ ਰੋਕ ਲਾ ਦਿੱਤੀ ਕਿ, ਇਸ ਤੋਂ ਗੁਰੂ ਦੀ ਯਾਦ ਆਉਂਦੀ ਹੈ। **ਗੁੜ** ਨੂੰ **ਰੋੜੀ** ਕਹਿਣ ਦੀ ਅਜੇਹੀ ਤੋਰ ਤੁਰੀ ਕਿ, ਅੱਜ (੧੯੯੯ ਵਿਚ) ਵੀ ਕਈ ਪਿੰਡਾਂ ਵਿਚ ਉਸ ਨਿਰਦਈ ਹੁਕਮ ਦੀ ਯਾਦ ਸਹਿਕਦੀ ਸੁਣੀ ਜਾ ਰਹੀ ਹੁੰਦੀ ਹੈ। ਅਤੇ ਸਿੱਖਾਂ ਦੇ ਸਿਰਾਂ ਦਾ ਮੁੱਲ ਰਖਿਆ ਜਾਣ ਤੇ ਹਿੰਦੂਆਂ ਨੂੰ ਸਿਰ ਘੋਨੇ ਕਰਵਾ ਲੈਣ ਦਾ ਆਦੇਸ਼ ਜਾਰੀ ਹੋਇਆ ਸੀ ਇਹ ਘੋੜੇ ਚੜ੍ਹੀ ਇਤਿਹਾਸਕ ਸਚਾਈ ਹੈ ਕਿ, ੧੭੪੫ ਤੱਕ ਹਿੰਦੂ ਵੀਰ ਕੇਸਾ ਧਾਰੀ ਸਨ। ਆਪ ਜੀ ਵੱਲੋਂ ਮਿਲੇ ਪਰਮਾਨ-ਪੱਤਰ ਵਾਲੀ ਫ਼ਿਲਮ ਵਿਚ ਸਾਹਿਬਜ਼ਾਦਿਆਂ ਦੀ ਸ਼ਹੀਦੀ ਜੋ ੧੭੦੪ ਵਿਚ ਹੋਈ ਸੀ, ਉਸ ਦੀ ਗੱਲ ਹੈ। ਉਸ ਵੇਲੇ ਤੱਕ ਦੇ ਸਾਰੇ ਸਿੱਖ ਜੋ ਨਿਰਸੰਦੇਹ ਕੇਸਾ ਧਾਰੀ ਹਿੰਦੂਆਂ ਤੋਂ ਹੀ ਗੁਰਸਿੱਖ ਬਣੇ ਸਨ--ਬਾਬਾ ਬੁੱਢਾ ਜੀ, ਬਾਬਾ ਲਹਿਣਾ ਜੀ, (ਸ੍ਰੀ ਗੁਰੂ) ਅਮਰਦਾਸ ਜੀ, ਭਾਈ ਗੁਰਦਾਸ ਜੀ ਤੋਂ ਭਾਈ ਮਤੀਦਾਸ ਤੱਕ, ਸਾਰੇ ਦੇ ਸਾਰੇ ਜਨਮ ਸਿੱਧ ਕੇਸਾ-ਧਾਰੀ ਸਨ। ਭਰਵੇਂ ਦਾਹੜੇ ਵਾਲੇ ਭਾਈ ਟੋਡਰ ਮੱਲ ਜੀ ਸਤਿਗੁਰਾਂ ਦੇ ਬੜੇ ਸਿਦਕੀ (ਕੇਸਾਧਾਰੀ) ਸਿੱਖ ਸਨ। ਸਰਬੰਸ ਦਾਨੀ " ਫ਼ਿਲਮ ਬਣਾਉਣ ਵਾਲਿਆਂ ਨੇ ਭਾਈ ਟੋਡਰ ਮਲ ਜੀ ਨੂੰ ਨਿਰਾ ਘੋਨੇ ਸਿਰ ਉਤੇ ਲੰਮੀ ਬੋਦੀ ਨਹੀਂ ਵਿਖਾਇਆ, ਸਗੋਂ ਉਸ ਦੇ ਘਰ ਦੇ ਵਿਹੜੇ ਵਿਚ ਤੁਲਸੀ ਦਾ ਬੂਟਾ ਅਤੇ ਕ੍ਰਿਸ਼ਨ ਮੂਰਤੀ ਦੀ ਪੂਜਾ ਹੁੰਦੀ ਵਿਖਾ ਕੇ ਦਰਸ਼ਕਾਂ ਦੇ ਮਨਾਂ ਤੇ ਇਹ ਸਪੱਸ਼ਟ ਪ੍ਰਭਾਵ ਪਾਇਆ ਹੈ ਕਿ, ਮਹਾਸ਼ਾ ਟੋਡਰ ਮੱਲ ਜੀ ਨਿਰੇ ਰੁੰਡ-ਮੁੰਡ ਹੀ ਨਹੀਂ ਸਨ ਸਗੋਂ ਇੱਕ ਅਕਾਲ ਦੇ ਪੁਜਾਰੀ ਹੋਣ ਦੇ ਥਾਂ ਉਹ ਅਨੇਕਤਾ ਦੇ ਪੁਜਾਰੀ ਸਨ। ਭਾਵ, ਧਾਰਮਿਕ ਤੌਰ ਤੇ ਗੁਰਮਤਿ ਦੇ ਵਿਰੋਧੀ, ਬ੍ਰਾਹਮਣ-ਗੁਰੂ ਦੇ ਪੱਕੇ ਚੇਲੇ ਹੋਣ ਦੇ ਬਾਵਜੂਦ ਵੀ, ਟੋਡਰ ਮੱਲ ਦੇ ਕੱਟੜ ਹਿੰਦੂ ਪਰਵਾਰ ਨੇ ਸਿੱਖ ਪੰਥ ਲਈ ਬੜੀ ਵੱਡੀ ਕੁਰਬਾਨੀ ਕੀਤੀ ਸੀ। ਸਿੱਖ ਜੋ ਕਹਿੰਦੇ ਆ ਰਹੇ ਹਨ ਕਿ ਗੁਰੂ ਨਾਨਕ ਜੀ ਭਾਵੇ ਜਨੇਊ ਦੇ ਵਿਰੁੱਧ ਹੀ ਸਨ ਪਰ ਉਨ੍ਹਾਂ ਦੇ ਨੌਵੇ ਸਰੂਪ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਨੇ ਜਨੇਊ ਦੀ ਰਖਿਆ ਲਈ ਸੀਸ ਵਾਰਿਆ ਸੀ।

੪) ਸੁੱਚਾ ਨੰਦ ਨੂੰ ਵੀ ਪੂਰੀ ਤਰ੍ਹਾਂ ਦਾੜ੍ਹੀ ਮੁਛਾਂ ਸਫ਼ਾ ਘੋਨੇ ਸਿਰ ਤੇ ਲੰਮੀ ਬੋਦੀ ਵਾਲਾ ਦਰਸਾ ਕੇ ਉਸ ਨੂੰ ਦਰਬਾਰ ਵਿਚ ਬੈਠਿਆਂ ਮਾਲੇਰ ਕੋਟਲੀਏ ਸਰਦਾਰ ਵਲੋਂ ਕੀਤੀ, ਸਾਹਿਬਜ਼ਾਦਿਆਂ ਦੀ ਰਿਹਾਈ ਲਈ ਕੀਤੀ ਸਫ਼ਾਰਸ਼ ਨੂੰ ਰੱਦ ਕਰਦਿਆਂ, ਸਾਹਿਬਜ਼ਾਦਿਆਂ ਨੂੰ ਸੱਪ ਦੇ ਪੁੱਤਰ ਸਪੋਲੀਏ ਦੱਸ ਕੇ ਉਨ੍ਹਾਂ ਨੂੰ ਮਾਰ ਦੇਣ ਲਈ ਜ਼ੋਰ ਦਿੰਦਾ **ਨਾ ਦਰਸਾ ਕੇ,** ਸਗੋਂ, ਸਾਹਿਬਜ਼ਾਦਿਆਂ ਦੀ ਗ੍ਰਿਫ਼ਤਰੀ ਮਗਰੋਂ ਉਨ੍ਹਾਂ ਨੂੰ ਠੰਢੇ ਬੁਰਜ ਵਿਚ ਰੱਖਣ ਲਈ ਹਦਾਇਤਾਂ ਦਿੰਦਾ ਹੋਇਆ ਵਜ਼ੀਰ ਖਾਨ ਆਪਣੇ ਅਹਿਲਕਾਰ ਨੂੰ ਕਹਿੰਦਾ ਹੈ ਕਿ ਉਸ (ਬ੍ਰਾਹਮਣ ਸੁੱਚਾ ਨੰਦ) ਦਾ ਵਿਸਾਹ ਨਾ ਖਾਏ। ਜਿਵੇਂ, ਅ-ਸੁੱਚਾ ਪਾਪੀ ਸਤਿਗੁਰਾਂ ਦਾ ਸੇਵਕ ਅਤੇ ਸਾਹਿਬਜ਼ਾਦਿਆਂ ਦਾ ਹਮਦਰਦ ਹੋਵੇ ? ਸੁਚਾ ਨੰਦ ਦੀ ਘਰਦੀ ਨੂੰ ਸਾਹਿਬਜ਼ਾਦਿਆਂ ਦੀ ਸਲਾਮਤੀ ਲਈ ਵਡੀ ਬੇਚੈਨ ਦਰਸਾਇਆ ਹੋਇਆ ਹੈ। ਫਿਲਮ ਵਿਚ ਅ-ਸੁੱਚਾ ਨੰਦ ਲਈ ਸਾਹਿਬਜ਼ਾਦਿਆਂ ਨੂੰ ਬਚਾਉਣਾ ਅਸੰਭਵ ਬਣ ਚੁੱਕਾ ਹੋਣ ਦਾ ਮਹੌਲ ਪੇਸ਼ ਕੀਤਾ ਹੋਇਆ ਹੈ।

੫) ਗੰਗੂ ਬ੍ਰਾਹਮਣ ਦੀ ਨਿਮਕ-ਹਰਾਮੀ ਦੀ ਗੱਲ ਐਵੇਂ ਇਸ਼ਾਰੇ ਮਾਤਰ ਗੱਲ ਟੋਡਰ ਮੱਲ ਦੇ ਮੂੰਹੋਂ ਕਹੀ ਜਾਂਦੀ ਇੱਕ ਮਿੰਟ ਲਈ ਦਰਸਾਈ ਹੈ। ਇਤਿਹਾਸ ਤੋਂ ਜਾਣੂ ਬੜਾ ਸੁਚੇਤ ਦਰਸ਼ਕ ਹੀ ਉਸ ਗੱਲ ਵਲ ਧਿਆਨ ਦੇ ਸਕਦਾ ਪਰ, ਜਿਸ ਨਮਕਹਾਰਮ ਗੰਗੂ ਬਿਪ੍ਰ ਨੂੰ ਸੰਨ ੧੭੧੦ ਵਿਚ ਬੰਦਾ ਸਿੰਘ ਬਹਾਦਰ ਨੇ ਬੜੀ ਕਰੜੀ ਸਜ਼ਾ ਦੇ ਕੇ ਉਸ ਦੇ ਪਿੰਡ ਖੇੜੀ ਨੂੰ ਉਜਾੜ ਦਿੱਤਾ ਸੀ, ਉਸ ਨੂੰ ਇਸ ਫ਼ਿਲਮ ਵਿਚ ਸ਼ਾਹਿਬਜ਼ਾਦਿਆਂ ਦੇ ਵਿਜੋਗ

ਵਿਚ ਕਮਲਾ ਹੋਇਆ ਫਿਰਦਾ ਅਤੇ ' **ਪੁੱਤਰੋ - ਪੁੱਤਰੋ** ' ਕਹਿ ਕੇ ਰੋਂਦਾ ਉਨ੍ਹਾਂ ਦੇ ਮਿਲਾਪ ਲਈ ਪੁਕਾਰਾਂ ਅਤੇ ਵਿਰਲਾਪ ਕਰਦਾ ਦਰਸਾ ਕੇ ਉਸ ਪ੍ਰਤੀ ਦਰਸ਼ਕਾਂ ਦੇ ਮਨਾਂ ਵਿਚ ਹਮਦਰਦੀ ਭਰ ਦੇਣ ਵਾਲਾ ਬੜਾ ਲੰਮਾ ਸੀਨ ਫਿਲਮਾਇਆ ਹੋਇਆ ਹੈ।

ਸਿਰ ਘਸਿਆਂ ਦੀ ਹਰ ਪਾਸੇ ਭਰਮਾਰ ਹੈ । ਖ਼ਾਲਸਈ ਸ਼ਾਨ ਅਥਵਾ ਖ਼ਾਲਸਈ ਪਰੰਪਰਾਵਾਂ ਦਾ ਕਿਤੇ ਝੌਲਾ ਤੱਕ ਵੀ ਨਹੀਂ ਪੈਣ ਦਿੱਤਾ ਹੋਇਆ। ਚਮਕੌਰ ਵਿਚ ਸ਼ਹੀਦ ਹੋਏ ਸਾਹਿਬਜ਼ਾਦਿਆਂ ਦੇ ਮਿਰਤਕ ਸਰੀਰਾਂ ਦਾ ਸਸਕਾਰ ਕਰਨ ਵਾਲੀ ਕੁਆਰੀ ਸਿੱਖ ਬੱਚੀ ਨੂੰ ਵੇਸਵਾ ਵਾਂਗ ਬੜੇ ਭੜਕਾਊ ਕਪੜੇ ਪਾਈ ਅਤੇ ਆਚਰਨ ਹੀਣ ਇਸਤ੍ਰੀਆਂ ਵਾਂਗ ਹਾਰਸ਼ਿੰਗਾਰ ਦੇ ਨਾਲ ਗੱਲ੍ਹਾਂ ਅਤੇ ਬੁਲ੍ਹਾਂ ਤੇ ਉਚੇਚੇ ਤੌਰ ਤੇ ਸੁਰਖੀ ਥੁੱਪੀ ਹੋਈ ਦਰਸਾਉਣ ਤੇ ਹੀ ਬੱਸ ਨਹੀਂ ਕੀਤੀ ਸਗੋਂ ਉਸ ਨੂੰ ਵਜ਼ੀਰ ਖ਼ਾਨ ਦੇ ਦਰਬਾਰ ਵਿਚ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਕਵਤਾ ਗਾਉਂਦੀ ਵੀ ਦਰਸਾਇਆ ਹੈ। ਉਪਰੋ ਮਨੁੱਖ ਨੂੰ ਏਹੀ ਭਰਭਾਵ ਦਿੱਤਾ ਗਿਆ ਹੈ ਕਿ, ਉਨ੍ਹਾਂ ਦਿਨਾਂ ਵਿਚ ਸਿੰਘਣੀ ਅਤੇ ਵੇਸਵਾ ਵਿਚ ਕੋਈ ਫ਼ਰਕ ਨਹੀਂ ਸੀ ਹੁੰਦਾ । ਇਸ ਤਰ੍ਹਾਂ ਪਰਮਾਨੀਕ ਪੁਰਾਤਨ ਇਤਿਹਾਸ ਨੂੰ, ਦੁਖਦਾਈ ਅਤੇ ਪੰਥ ਦੇ ਭਵਿਖ ਲਈ ਹਾਨੀ-ਕਾਰਕ ਸਿੱਧ ਹੋਣ ਵਾਲਾ ਵਡਾ ਕੁਟਲ-ਮੋੜ ਦੇ ਦਿੱਤਾ ਹੋਇਆ ਹੈ।

੬) **ਨਾਨਕ ਨਾਮ ਜਹਾਜ਼** ਫਿਲਮ **Release** ਹੋਣ ਦੇ ਸਮੇਂ ਤੋਂ ਬਣੀਆਂ ਫਿਲਮਾਂ ਦੁਆਰਾ ਖ਼ਾਲਸਾ ਜੀ ਦੀਆਂ ਨਿਆਰੀਆਂ ਪਰੰਪਰਾਵਾਂ ਦਾ, ਅਤੇ ਪੰਥਕ ਆਚਰਨ ਦਾ, ਜਿਸ ਰਫ਼ਤਾਰ ਨਾਲ ਪੱਤਨ ਹੋਇਆ ਦਰਸਾਇਆ ਜਾ ਰਿਹਾ ਹੈ, ਅਥਵਾ ਜਿਸ ਦਲੇਰੀ ਨਾਲ ਕੇਸਾ- ਧਾਰੀ ਸਿੱਖ ਸਰੂਪ ਦਾ ਮੌਜੂ ਉਡਾਇਆ ਜਾਣ ਵਿਚ ਫਿਲਮ ਇੰਡਟਸਟ੍ਰੀ ਦਲੇਰ ਤੋਂ ਦਲੇਰ ਹੁੰਦੀ ਆ ਰਹੀ ਹੈ, ਉਸ ਤੋਂ ਹਰ ਇੱਕ ਸੁਹਿਰਦ ਗੁਰਸਿੱਖ ਦਾ ਹਿਰਦਾ ਅਤੀਅੰਤ ਚਿੰਤਾਤੁਰ ਹੈ। ਪਰ ਹੁਣ ਸ੍ਰੀ ਅਕਾਲ ਤਖ਼ਤ ਜੀ ਤੋਂ ਪਰਾਪਤਿ ਹੋਏ ਸ਼ਾਹੀ ਪਰਵਾਨੇ ਦੇ ਆਸਰੇ ਚੱਲ ਰਹੀ ਫਿਲਮ--**ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ** " ਤੋਂ ਜੋ ਦਲੇਰੀ ਸਿੱਖੀ ਦੇ ਵੈਰੀਆਂ ਨੇ ਫੜ ਲੈਣੀ ਹੈ ਉਸ ਤੋਂ ਉਹ ਦਿਨ ਨੇੜੇ ਢੁਕਦਾ ਆਉਂਦਾ ਸਪੱਸ਼ਟ ਨਜ਼ਰ ਆ ਰਿਹਾ ਹੈ ਜਦ ਇਨ੍ਹਾਂ ਫਿਲਮ ਵਾਲਿਆ ਨੇ ਬਾਬਾ ਬੁਢਾ ਜੀ ਤੋਂ ਭਾਈ ਮਤੀਦਾਸ ਜੀ ਤੱਕ ਅਤੇ ਫਿਰ ਪਹਿਲਾਂ ੯ ਗੁਰੂ ਸਾਹਿਬਾਨ ਨੂੰ ਅਤੇ ਅੰਤ ਵਿਚ ਦਸ਼ਮੇਸ਼ ਜੀ ਨੂੰ ਵੀ ਬੋਦੀਆਂ ਵਾਲੇ ਜਨੇਊ ਧਾਰੀ ਦਰਸਾਉਣ ਵਿਚ ਜ਼ਰਾ ਝਿਜਕ ਨਹੀਂ ਮੰਨਿਆਂ ਕਰਨੀ।

੭) ਪੰਥ ਦੀ ਅਲ੍ਹੜ ਅਤੇ ਗੁਰਮਤਿ ਤੋਂ ਅਗਿਆਨੀ ਜਵਾਨੀ ਨੂੰ, ਕਈ ਤਰ੍ਹਾਂ ਦੇ ਗੀਤਾਂ ਨਾਦਾਂ ਵਾਲੇ ਪ੍ਰੋਗਰਾਮਾਂ ਵਿਚ ਹਿੱਸਾ ਲੈ ਸਕਣ ਦਾ ਜਿਵੇਂ ਉਤਸ਼ਾਹ ਮਿਲ ਰਿਹਾ ਹੈ ਉਸ ਤੋਂ (ਦਾਸ ਦੀ ਤੁੱਛ ਬੁੱਧੀ ਅਨੁਸਾਰ) ਇਹ ਵੀ ਸਪੱਸ਼ਟ ਹੁੰਦਾ ਹੈ ਕਿ, ਫ਼ਿਲਮ ਵਾਲਿਆਂ ਨੂੰ ਮਿਲਿਆ ਆਪ ਜੀ ਦਾ **ਪਰਮਾਨ ਪੱਤਰ,** ਇਸ ਗੁਰੂ ਫ਼ੁਰਮਾਨ ਨੂੰ ਪੂਰੀ ਤਰ੍ਹਾਂ ਬੇਲੋੜਾ ਬਣਾ ਦੇਣ ਦਾ ਪੱਕਾ ਸਾਧਨ ਬਣ ਖਲੋਤਾ ਹੈ:-

**ਮੇਰੇ ਮੋਹਨ ਸ੍ਵਨੀ ਇਹ ਨ ਸੁਨਾਏ ॥**

**ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥ ੧ ॥ ਰਹਾਉ ॥** [੮੨੦]

ਕਿਸੇ ਠੋਸ ਦਲੀਲ ਨਾਲ ਦਾਸ ਵਲੋਂ ਦਰਸਾਏ ਉਪ੍ਰੋਕਤ ਤੌਖ਼ਲਿਆਂ ਨੂੰ ਜੇ ਤੁਸੀ, ਨਿਰਮੂਲ ਸਿੱਧ ਕਰ ਸਕਦੇ ਹੋਵੋ ਤਾਂ ੮੦ ਸਾਲ ਦੇ ਨੇੜੇ ਪੁੱਜੀ ਉਮਰ ਵਾਲੇ ਦੁਰਬਲ-ਸਰੀਰ ਵਾਲੇ ਇਸ ਨਿਮਾਣੇ ਗੁਰਸਿੱਖ ਤੇ ਆਪ ਜੀ ਦਾ ਬੜਾ ਵੱਡਾ ਉਪਕਾਰ ਹੋਵੇਗਾ ਜੀ ? ਉਂਜ ਵੀ ਆਪ ਜੀ ਦੀ ਸੇਵਾ ਵਿਚ ਲਿਖੀ ਕਿਸੇ ਵੀ ਚਿੱਠੀ ਦਾ ਉਤਰ ਨਾ ਆਉਣ ਦੇ ਕਾਰਨ ਇਹ ਸਾਰੀਆਂ ਚਿੱਠੀਆਂ ਇਤਿਹਾਸ ਦੇ ਪੱਤਰਿਆਂ ਦਾ ਹਿੱਸਾ ਬਣ ਰਹੀਆਂ ਹਨ।

੮) ਗੁਰੂ ਦਰਬਾਰ ਵਿਚ ਜਾਣ ਬੁੱਝ ਕੇ ਗੁਰਮਤਿ ਵਿਰੋਧੀ ਝੂਠਾ ਪਰਚਾਰ ਕਰ ਕੇ ਸਿੱਖ ਜਗਤ ਨੂੰ ਗੁਰਮਤਿ ਤੋਂ ਦੂਰ ਅਤੇ ਪੁਰਾਣਕ ਗਾਥਾਵਾਂ ਪ੍ਰਤੀ ਸ਼ਰਧਾ ਦੇ ਨੇੜੇ ਲਈ ਜਾ ਰਹੇ ਡੇਰੇ ਦਾਰ ਸਾਧਾਂ ਨੂੰ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਾਵਨ ਛੱਤ ਤੇ ਲੈ ਜਾ ਕੇ ਸਤਿਗੁਰਾਂ ਦੀ ਬਖ਼ਸ਼ਸ਼----**ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ ਸਵਾਰੇ ॥ ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ ॥ ੨ ॥** ਪਾਵਨ ਸਿਰੋਪਾਉ ਦਿੱਤੇ ਗਏ । ਕਥਿਤ ਸੰਤ ਮਾਨ ਸਿੰਘ ਜੀ ਡੇਰੇਦਾਰ ਦੀ ਉਚੇਚੀ ਚੌਧਰ ਸ਼ਾਇਦ ਇਸ ਕਰਕੇ ਬਣਾਈ ਗਈ ਹੈ, ਕਿਉਂ ਜੋ, ਇਹ ਭੱਦਰ ਪੁਰਸ਼, ਸਤਿਗੁਰਾਂ ਦੇ ਦਰਬਾਰ ਵਿਚ ਗੁਰਮਤਿ ਵਿਰੋਧੀ ਅਤੇ ਗੁਰੂ ਇਤਿਹਾਸ ਨੂੰ ਦੂਸ਼ਤ ਕਰਨ ਵਾਲੇ [**ਉਦਾਹਰਣ ਵਜੋ**--" ਦਸ਼ਮੇਸ਼ ਜੀ ਸਮਾਧੀ ਅਸਥਿਤ ਅਖੰਡਪਾਠ ਸੁਣ ਰਹੇ ਸਨ--ਕੋਲ ਬੈਠੇ ਪਿਆਰੇ ਉਤਾਂਹ ਨੂੰ ਉਡ ਤੁਰੇ--ਅਖੇ-- ਧੁਰ ਕੀ ਬਾਣੀ ਧੁਰ ਵੱਲ ਨੂੰ ਖਿੱਚੀ ਲਈ ਜਾ ਰਹੀ ਹੈ "-- ਅਜੇਹੇ--ਪਹਾੜ ਜਿੱਡੇ ਝੂਠ ਵਾਲੇ ਭਾਸ਼ਨਾ ਦੀਆਂ ਵੀਡੀਓ ਰੀਲਾਂ ਬਾਜ਼ਾਰ ਵਿਚ ਆਮ ਵਿਕਦੀਆਂ ਹਨ] ਵਡੇ ਤੋਂ ਵਡੇ ਨਿਰਮੂਲ ਝੂਠ, ਬੋਲਣ ਵਿਚ ਬਾਕੀ ਡੇਰੇ ਦਾਰਾਂ ਨਾਲੋਂ ਵੱਧ ਦਲੇਰ ਹੈ

੯) ਕੁਰਸੀਆਂ ਦੇ ਮਾਮਲੇ ਵਿਚ ਕਿਸੇ ਵੀ ਪ੍ਰਕਾਰ ਦਾ ਦਖ਼ਲ ਨਾ ਦੇ ਰਹੇ ਸਤਿਗੁਰੂਾਂ ਮਹਾਰਾਜ ਜੀ ਦੇ ਸੇਵਕਾਂ (ਗ੍ਰੰਥੀ, ਰਾਗੀ, ਢਾਢੀ ਪਰਚਾਰਕਾਂ) ਨੂੰ ਤਨਖਾਈਏ ਘੋਸ਼ਤ ਕਰ ਕੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ-ਜੁਗਤਿ ਦੇ ਸਦੀਵੀ ਮਾਲਕ ਦੀ ਘੋਰ ਨਿਰਾਦਰੀ ਕਰਨੀ-- ਗੁਰਮਤਿ ਅਤੇ ਪੰਥ ਮਰਯਾਦਾ ਦੀ ਖੰਡਨਾਂ ਵਾਲਾ, ਮੁਰਦਿਆਂ ਦੀਆਂ ਹੱਡੀਆਂ ਜਲ ਪਰਵਾਹ ਕਰਨ ਵਾਲੇ ਹਿੰਦੂਆਂ ਦੇ ਵਿਸ਼ਵਾਸ਼ ਅਨੁਸਾਰ ਬਣੇ ਘਾਟ ਦਾ ਉਦਘਾਟਨ ?--ਅਜੇਹੇ ਸਾਰੇ ਕਾਰੇ ਕੀ ਗੁਰਸਿਖੀ ਦੇ ਵਾਧੇ ਲਈ ਹਨ, ਕਿ ਜਾਂ ਸਤਿਗੁਰਾਂ ਦੇ ਇਸ ਸੁੰਦਰ ਬਗੀਚੇ ਨੂੰ ਛੇਤੀ ਉਜਾੜਨ ਲਈ ਕਰ ਰਹੇ ਹੋ ਜੀ ?

**੧੦) ਨਾਨਕ ਨਾਮ ਜਹਾਜ਼ ਫ਼ਿਲਮ-- ਲੇਖ --ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ--(੧੯੮੭) ਵਿਚ ਛਪੇ ਐਡੀਸ਼ਨ ਦੇ ਪਹਿਲੇ ਭਾਗ ਵਿਚ ਛਪ ਚੁੱਕਾ ਹੈ। ਪੰਥ ਦੇ ਸ਼ਰੋਮਣੀ ਜਥੇਦਾਰ ਦੀ ਦੁਖਦਾਈ ਭੁੱਲ ਦਰਸਾ ਰਹੇ ਅਜੇਹੇ ਲੇਖਾਂ ਵਾਲੀ ਪੁਸਤਕ ਆਪ ਜੀ ਦੇ ਗਿਆਨ ਵਿਚ ਲਿਆਉਣੀ, ਆਪ ਜੀ ਦੇ ਸਟਾਫ਼ ਦੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ।**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਸਾਹਿਬ ਵਲੋਂ----**ਗਰੀਬੀ ਗਦਾ**--**ਗਿਆਨ ਖੜਗ**--ਦੇ ਥਾਂ ਬੰਦੂਕ ਪਸਤੌਲ ਦੀ ਗੋਲੀ ਆ ਵੱਜਣ ਦੇ ਭੈ ਦੀ ਗੱਲ ਸੁਣੀ ਜਾਣੀ ਕੀ, ਪੰਥਕ ਬਦਕਿਸਮਤੀ ਨਹੀਂ ਹੈ ਜੀ ? ਭੁੱਲਾਂ ਦੀ ਖਿਮਾ--

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥** **ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ**

ਸਤਿਗੁਰਾਂ ਦੀ ਸਿਖਿਆ ਅਨੁਸਾਰ ਜੀਵਨ ਢਾਲ ਰਹੇ ਗੁਰਮੁਖਾਂ ਦੇ ਚਰਨਾਂ ਦੀ ਧੂੜ-- ਗੁਰਬਖ਼ਸ਼ ਸਿੰਘ

**੨) ਕਿਉਂਕਿ ਅਜੇਹੇ ਸਾਰੇ ਮਸਲੇ ਇਤਿਹਾਸ ਦਾ ਹਿੱਸਾ ਬਣਨੇ ਹਨ ਇਸ ਲਈ ਚਿਵਠੀ ਦੇ ਉਤਾਰੇ, ਤਖ਼ਤ ਕੇਸਗੜ੍ਹ ਸਾਹਿਬ ਅਤੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਸਾਹਿਬਾਨ ਦੀ ਸੇਵਾ ਵਿਚ ਉਚੇਚੇ ਤੌਰ ਤੇ ਭੇਜਿਆ ਜਾ ਰਿਹਾ ਹੈ-- ਤਾਂ ਜੋ ਇਸ ਗੰਭੀਰ ਮਸਲੇ ਬਾਰੇ ਉਨ੍ਹਾਂ ਦੋ ਸਨਮਾਨਜੋਗ ਹਸਤੀਆਂ ਵਲੋਂ ਕੀਤੀ ਕਿਸੇ ਕਾਰਵਾਈ ਤੋਂ ਵੀ ਪਾਠਕ ਜਾਣੂੰ ਹੋ ਸਕਣ।**

**ੴ ਸਤਿਗੁਰ ਪ੍ਰਸਾਦਿ ॥**

**ਗੁਰ ਕੀ ਮਹਿਮਾ ਕਿਆ ਕਹਾ ਗੁਰ ਬਿਬੇਕ ਸਤਿਸਰ॥**

**ਓਹ ਆਦਿ ਜੁਗਾਦੀ ਜੁਗਹੁ ਜੁਗੁ ਪੂਰਾ ਪਰਮੇਸਰ ॥ ੩ ॥**

**ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜਥੇਦਾਰ ਸ੍ਰੀ ਅਕਾਲਤਖ਼ਤ ਸਾਹਿਬ ਅੰਮ੍ਰਿਤਸਰ,**

**ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹ ॥** **January 9- 1999**

ਨਿਮਰਤਾ ਸਹਿਤ ਅਰਜ਼ ਹੈ ਕਿ ਦਾਸ ਮਿਤੀ ੭ ਦਸੰਬਰ ੧੯੯੬ ਤੋਂ ਹੀ ਆਪ ਜੀ ਦੀ ਸੇਵਾ ਵਿਚ ਸੁਝਾ ਅਤੇ ਫਿਰ ਆਪ ਜੀ ਤੋਂ ਗੁਰਮਤਿ ਸੇਧਾਂ ਲੈਣ ਲਈ, ਜੋਦੜੀ ਪੱਤਰ ਲਿਖ ਕੇ ਭੇਜਦਾ ਆ ਰਿਹਾ ਹੈ । ਸ਼ਾਇਦ ਬੜਾ ਜ਼ਰੂਰੀ ਕਾਰਨ ਹੋਵੇਗਾ ਜੋ ਆਪ ਜੀ ਨੇ ਕਦੇ ਕੋਈ ਸੇਧ ਪੱਤਰ ਨਹੀਂ ਭੇਜਿਆ। ੧੦ ਮਈ ੧੯੯੭ ਦੀ ਚਿੱਠੀ (ਜਿਸ ਦਾ ਉਤਾਰਾ ਇਸ ਚਿੱਠੀ ਦੇ ਦੂਜੇ ਪਾਸੇ ਹੈ) ਆਪ ਜੀ ਦੇ ਦਫਤਰ ਵਿਚ (ਸਮੇਤ ਉਸ ਸਾਰੀ ਸਮੱਗਰੀ ਦੇ ਜਿਸ ਦਾ ਜ਼ਿਕਰ ਉਸ ਵਿਚ ਹੈ) ਭੇਜਿਆ ਸੀ। ਫਿਰ ਅਗਸਤ ੧੯੯੮ ਵਿਚ ਸ੍ਰੀ ਅਕਾਲ ਸਹਾਏ ਸੁਸਾਇਟੀ ਅੰਮ੍ਰਿਤਸਰ ਦੀ ਮਾਰਫ਼ਤ **ਵੀ ਸ੍ਰੀ ਦਸਮਗ੍ਰੰਥ ਬਾਰੇ ਲਿਖੇ ਖਰੜੇ ਦਾ ਉਤਾਰਾ** ਭੇਜਿਆ--ਕਈ ਯਾਦ ਪੱਤਰ ਵੀ ਭੇਜੇ-- ਪਰ ਆਪ ਜੀ ਵਲੋਂ ਕੋਈ ਸੇਧ ਪੱਤਰ ਨਹੀਂ ਪੁੱਜਾ । ਪੁਸਤਕ ਦੇ ਛਪ ਜਾਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਦੀ ਓਟ ਲਈ ਤੋਂ ਬਿਨਾ ਜੇ ਕੋਈ ਆਦੇਸ਼ ਜਾਰੀ ਹੋਇਆ ਤਾਂ ਉਸ ਦੇ ਵਿਰੁੱਧ ਦੇਸ਼-ਬਿਦੇਸ਼ ਦੀਆਂ ਅਦਾਲਤਾਂ ਵਿਚ ਅਪੀਲਾਂ ਕੀਤੀਆਂ ਜਾਣ ਵਿਚ ਝਿਜਕ ਨਹੀਂ ਕਤਿੀ ਜਾਵੇਗੀ। ਫਿਰ ਸਾਰੀ ਬਦਨਾਮੀ ਅਤੇ ਖ਼ਰਚ ਖ਼ਰਾਬੇ ਦੀ ਜ਼ਿੰਮੇਵਾਰੀ ਆਪ ਜੀ ਤੇ ਹੋਵੇਗੀ ।

ਹੁਣ ਇਸ ਬੇਨਤੀ ਪੱਤਰ ਨਾਲ ਨੱਥੀ ਲੇਖ--**ਸਤਿਗੁਰਾਂ ਦੀ ਇੱਕ ਤੋਂ ਵੱਧ ਕਥਿਤ ਸ਼ਾਦੀਆਂ ਬਾਰੇ ਹੈ। (-ਕੁੱਲ ੧੫ ਸਫੇ)** ਇਸ ਨੂੰ (ਤੁਹਾਡੇ ਆਪਣੇ ਰੀਕਾਰਡ ਹੋਏ ਸ਼ਬਦਾਂ ਅਨੁਸਾਰ) ਧਿਆਨ ਨਾਲ ਵਾਚ ਕੇ, ਅਥਵਾ ਲੋੜ ਸਮਝੋ ਤਾਂ, ਆਪਣੇ ਅਧੀਨ ਧਰਮ ਪਰਚਾਰ ਕਮੇਟੀ ਦੀ ਸਲਾਹ ਅਨੁਸਾਰ ਗੁਰਮਤਿ ਸੇਧਾਂ ਬਖ਼ਸ਼ਸ਼ ਕਰੋ। ਆਪ ਜੀ ਦੇ ਹਰ ਉਸ ਹੁਕਮ ਨੂੰ ਸਤਿਗੁਰਾਂ ਦਾ ਨਿੱਜੀ ਫ਼ੁਰਮਾਨ ਜਾਣ ਕੇ ਸਤਿਕਾਰ ਕੀਤਾ ਜਾਵੇਗੀ ਜਿਹੜਾ ਘੱਟ ਤੋਂ ਘੱਟ ਪੰਜ ਗੁਰੂ ਸ਼ਬਦਾਂ ਦੇ ਅਧਾਰ ਤੇ ਲਿਖਿਆ ਹੋਵੇਗਾ। ਆਪਣੀ ਮਤ ਨੂੰ ਗੁਰੂ ਦੀ ਮੱਤ ਦੇ ਨਕੂਲ ਸਮਝਣ ਵਾਲੇ ਕਿਸੇ ਵੀ ਜਥੇਦਾਰ ਸਾਹਿਬ ਵੱਲੋ ਜਾਰੀ ਹੋਏ ਆਦੇਸ਼ ਦੀ ਪਾਲਣਾ ਕਰਨੀ ਸਤਿਗੁਰਾਂ ਨੂੰ ਦੇਦਾਵਾ ਲਿਖ ਦੇਣ ਤੁੱਲ ਹੈ। ਤੁਹਾਡੇ ਦਫ਼ਤਰ ਵਲੋਂ ਕੋਈ ਉੱਤਰ ਨਾ ਆਉਣ ਤੋਂ ਆਪ ਜੀ ਦੀ ਸਹਿਮਤੀ ਸਮਝ ਕੇ ਪੁਸਤਕ ਦੇ ਦਸਵੇਂ ਭਾਗ ਦੇ ਹਿੱਸੇ ਦੇ ਤੌਰ ਤੇ ਇਸ ਲੇਖ ਨੂੰ ਵੀ ਛਪਵਾ ਕੇ ਸਮੁੱਚੇ ਖ਼ਾਲਸਾ ਪੰਥ ਦੀ ਵਿਚਾਰ ਗੋਚਰਾ ਬਣਾ ਦਿੱਤਾ ਜਾਵੇਗਾ ਜੀ। ਭੁੱਲਾਂ ਦੀ ਖਿਮਾ । ਗੁਰਮਤਿ ਅਨੁਸਾਰ ਜੀਵਨ ਬਿਤਾ ਰਹੇ ਤਿਆਗੀ ਅਤੇ ਸੱਚੇ ਪੰਥ-ਸੇਵਕ--ਗੁਰਮੁਖਾਂ ਦੇ ਚਰਨਾਂ ਦੀ ਧੂੜ-- ਦਰਦ ਭਰੇ ਹਿਰਦੇ ਤੋਂ ਪੰਥ ਦਾ ਅਤੇ ਆਪ ਜੀ ਦਾ ਸੱਚਾ ਸ਼ੁੱਭ ਚਿੰਤਕ--

ਗੁਰਮਥਿ ਆਨੁਸਧਰ ਜੀਵਨ ਜੀਊਣ ਰਹਯ ਗੁਰਮੁਖਠ ਦੀ ਚਰਨਡੂ-- ਨਿਮਾਣਾ ਨਿਤਾਣਾ ਦਾਸਰਾ **ਗੁਬਖਸ਼ ਸਿੰਘ**

**ਪਤਾ : 11445-86/a Avenue, Delta-B-C- V4C-2Y9 Canada ]**

**{ Note:--ਇਹ ਚਿੱਠੀ ਅਮਰੀਕਾ ਦੇ ਸਿਅਟਲ ਸ਼ਹਿਰ ਤੋਂ ਪਹਿਲਾਂ 01191183553919 ਨੰਬਰ ਤੇ ਫ਼ੈਕਸ ਕੀਤੀ ਅਤੇ ਫਿਰ ਉਸੇ ਦਿਨ ਹੀ-ਵਾਪਸੀ ਰਸੀਦ ਆਉਣ ਵਾਲੇ ਰਜਿਸਟਰੀ ਲਫ਼ਾਫ਼ੇ ਵਿਚ ਭੇਜੀ। ਡਾਕ ਮਹਿਕਮੇ ਤੋਂ ਹੋਈ ਰਜਿਸਟਰੀ ਦਾ ਨੰਬਰ-218371/682 Jan 9 1999}**

**Dated-- July 23 2000--**

ਪਰਮ ਸਤਿਕਾਰ ਜੋਗ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜਥੇਦਾਰ ਸ੍ਰੀ ਅਕਾਲ ਸਖ਼ਤ ਸਾਹਿਬ ਜੀਓ,

ਗੁਰੂ ਫ਼ਹਿ ਕਬੂਲ ਕਰਨੀ ਜੀ।

ਇਸ ਚਿੱਠੀ ਦੇ ਉਲਟੇ ਪਾਸੇ ਉਹੀ ਉਪਰੋਕਤ ਦੂਜੇ ਪੈਰੇ ਵਿਚ ਲਿਖੇ, ਜੋ ਇਸ ਸਫ਼ੇ ਨਾਲ ਮਿਲ ਕੇ ੧੫ ਬਣਦੇ ਹਨ, ਗੁਰਬਾਣੀ ਦੇ ਸ਼ਬਦਾਂ ਵਿਚ ਗੁੰਦੇ ਸੇਧ ਪੱਤਰ ਦੀ ਉਡੀਕ, ਅੱਜ ਵੀ ਨਿਰੰਤਰ ਕਰ ਰਹੇ ਹਨ। ਛਪ ਕੇ ੍ਰਲਇਓਸਏ ਹੋ ਜਾਣ ਤੋਂ ਪਹਿਲਾਂ ਜੇ ਸੇਧ ਮਹੀਨੇ ਅੰਦਰ ਸੇਧ ਪੱਤਰ ਮਿਲ ਜਾਵੇ ਤਾਂ ਧਨਵਾਦੀ ਹੋਵਾਂਗਾ ਜੀ,

ਗੁਰਮਤਿ ਅਨੁਸਾਰ ਜੀਵਨ ਜੀਊਂ ਰਹੇ ਕਹਣੀ ਕਥਨੀ ਦੇ ਧਨੀ ਗੁਰਮੁਖਾਂ ਦੀ ਚਰਨਧੂੜ-

ਨਿਮਾਣਾ ਨਿਤਣਾ ਦਾਸਰਾ